| रोल नं. | | मुद्रित पृष्ठों की संख्या : 4 |
|---|---|---|
| Roll No. | | No. of printed pages : 4 |

**005**

**2026**

**ਪੰਜਾਬੀ**

**205 (HRC)**

समय : 3 घण्टे] [पूर्णांक : 80

Time : 3 Hours] [Max. Marks : 80

**ਨੋਟ—ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।**

- ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਅੰਕਾਂ ਦੀ ਵੰਡ ਪ੍ਰਸ਼ਨਾਂ ਦੇ ਅਨੁਸਾਰ ਕੀਤੀ ਗਈ ਹੈ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 18 ਪ੍ਰਸ਼ਨ ਹਨ।
- ਭਾਗ- I ਪੜ੍ਹਨ-ਕੌਸ਼ਲ ਵਿੱਚ ਕੁੱਲ 02 ਪ੍ਰਸ਼ਨ ਹਨ।
- ਭਾਗ- II ਵਿਆਕਰਨ ਵਿੱਚ ਕੁੱਲ 05 ਪ੍ਰਸ਼ਨ ਹਨ।
- ਭਾਗ- III ਲਿੱਖਣ-ਕੌਸ਼ਲ ਵਿੱਚ ਕੁੱਲ 03 ਪ੍ਰਸ਼ਨ ਹਨ।
- ਭਾਗ- IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 08 ਪ੍ਰਸ਼ਨ ਹਨ।
- ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਪ੍ਰਸ਼ਨਾਂ ਨੂੰ ਹੱਲ ਕੀਤਾ ਜਾਵੇ।

**ਭਾਗ-I**

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ- 1×5=5

ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਤੇ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿੱਚ ਵਾਧਾ ਕਰਨਾ ਸੀ। ਜਦੋਂ ਮਨੁੱਖ ਨੂੰ ਆਪਣੇ ਹੱਕਾਂ ਦੀ ਸੋਝੀ ਹੋ ਗਈ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਵੀ ਲੜਨ ਲੱਗਾ। ਸੰਸਾਰ ਵਿੱਚ ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਇਸ ਕਰਕੇ ਬਣਾਏ ਗਏ ਤਾਂ ਜੋ ਲੜਾਈ-ਝਗੜੇ ਨੂੰ ਰੋਕਿਆ ਜਾਵੇ। ਦੁਨੀਆਂ ਵਿੱਚ ਧਰਮ ਦੇ ਪੈਰੋਕਾਰਾਂ ਨੇ ਵੀ ਆਪਸ ਵਿੱਚ ਮਿਲਕੇ ਰਹਿਣ ਲਈ ਕਿਹਾ। ਸ਼ਾਂਤੀ ਦਾ ਉਪਦੇਸ਼ ਦਿੱਤਾ। ਫਿਰ ਵੀ ਕਈ ਲੜਾਈਆਂ ਧਰਮ ਦੇ ਨਾਮ ਉੱਤੇ ਹੋਈਆਂ। ਸਭ ਤੋਂ ਭਿਆਨਕ ਅਤੇ ਵਿਸ਼ਵ ਪੱਧਰ ਦੀਆਂ ਦੋ ਲੜਾਈਆਂ ਵੀਹਵੀਂ ਸਦੀ ਵਿੱਚ ਹੋਈਆਂ। ਦੂਜੇ ਵਿਸ਼ਵ-ਯੁੱਧ ਵਿੱਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ ਜਿਸ ਨਾਲ ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤਬਾਹੀ ਨੂੰ ਵੇਖਦਿਆਂ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਫੈਸਲਾ ਕੀਤਾ ਕਿ ਵਿਸ਼ਵ ਪੱਧਰ ਉੱਤੇ ਅਜਿਹੀ ਸੰਸਥਾ ਬਣਾਈ ਜਾਵੇ ਜਿਹੜੀ ਲੜਾਈਆਂ ਨੂੰ ਰੋਕ ਸਕੇ। ਇਸ ਸੰਸਥਾ ਦਾ ਨਾਮ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ) ਰੱਖਿਆ। ਇਸ ਸੰਸਥਾ ਨੇ 1981 ਈ. ਵਿੱਚ ਆਪਣੇ ਆਮ ਇਜਲਾਸ ਵਿੱਚ ਇਹ ਫੈਸਲਾ ਕੀਤਾ ਕਿ ਹਰ ਸਤੰਬਰ ਦੇ ਤੀਜੇ ਮੰਗਲਵਾਰ ਨੂੰ ਅੰਤਰਰਾਸ਼ਟਰੀ ਅਮਨ ਦਿਵਸ ਵਜੋਂ ਮਨਾਇਆ ਜਾਵੇ।

(i) ਮਨੁੱਖਾਂ ਵਿੱਚ ਪਹਿਲਾਂ ਲੜਾਈ ਦਾ ਕੀ ਕਾਰਨ ਸੀ ?

(ੳ) ਆਪਸੀ ਦੁਸ਼ਮਣੀ (ਅ) ਕਬੀਲੇ ਦੀਆਂ ਔਰਤਾਂ

(ੲ) ਮਲਕੀਅਤ ਵਿੱਚ ਵਾਧਾ (ਸ) ਭੋਜਨ ਦੀ ਘਾਟ

(ii) ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਕਿਉਂ ਬਣਾਏ ਗਏ ?

(ੳ) ਫੈਸਲੇ ਲੈਣ ਲਈ (ਅ) ਜਿੱਤ ਲਈ

(ੲ) ਲੜਾਈ-ਝਗੜੇ ਰੋਕਣ ਲਈ (ਸ) ਸ਼ਾਂਤੀ ਦਾ ਉਪਦੇਸ਼ ਦੇਣ ਲਈ

(iii) ਧਰਮ ਦੇ ਪੈਰੋਕਾਰਾਂ ਨੇ ਕੀ ਉਪਦੇਸ਼ ਦਿੱਤੇ ?

(ੳ) ਧਰਮ ਦੀ ਰੱਖਿਆ ਕੀਤੀ ਜਾਵੇ (ਅ) ਅਮਨ ਤੇ ਸ਼ਾਂਤੀ ਰੱਖੋ।

(ੲ) ਧਰਮ ਨੂੰ ਮੰਨਿਆ ਜਾਵੇ (ਸ) ਔਰਤ ਦਾ ਸਤਿਕਾਰ ਕਰੋ।

(iv) ਪਹਿਲੀ ਵਾਰ ਐਟਮੀ ਬੰਬ ਦੀ ਵਰਤੋਂ ਕਦੋਂ ਕੀਤੀ ਗਈ ?

(ੳ) ਪਹਿਲੇ ਵਿਸ਼ਵ ਯੁੱਧ ਵਿੱਚ (ਅ) 1981 ਈ.

(ੲ) ਦੂਜੇ ਵਿਸ਼ਵ ਯੁੱਧ ਵਿੱਚ (ਸ) ਮਨੁੱਖ ਦੇ ਧਰਤੀ ਤੇ ਆਉਣ ਤੇ

(v) ਸੰਯੁਕਤ ਰਾਸ਼ਟਰ ਸੰਘ ਨੇ ਕਿਹੜੇ ਦਿਨ ਨੂੰ ਅਮਨ-ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ?

(ੳ) ਜਨਵਰੀ ਦਾ ਪਹਿਲਾ ਮੰਗਲਵਾਰ (ਅ) ਸਤੰਬਰ ਦਾ ਦੂਜਾ ਮੰਗਲਵਾਰ

(ੲ) ਮਈ ਦਾ ਦੂਜਾ ਮੰਗਲਵਾਰ (ਸ) ਸਤੰਬਰ ਦਾ ਤੀਜਾ ਮੰਗਲਵਾਰ

2. ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਕਰੋ— 1×5 =5

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆਂ, ਦਿੱਤਾ ਸ਼ਹਿਦ ਉੱਲਟ।
ਵਣਜ ਗਵਾ ਲਿਆ ਬਾਣੀਏ, ਬਲਦ ਗਵਾ ਲਏ ਜੱਟ।

(i) ਸਾਹਿਬਾ ਤੇਲ ਲੈਣ ਲਈ ਕਿਥੇ ਗਈ ਸੀ ?

(ੳ) ਮੰਦਰ (ਅ) ਬਜ਼ਾਰ

(ੲ) ਪੰਸਾਰੀ ਦੀ ਹੱਟੀ (ਸ) ਖੇਤ

(ii) ਉਪਰੋਕਤ ਕਾਵਿ-ਟੋਟੇ ਵਿੱਚ ਕਿਸ ਦੀ ਸੁੰਦਰਤਾ ਦਾ ਜ਼ਿਕਰ ਕੀਤਾ ਹੈ ?

(ੳ) ਹੀਰ ਦੀ (ਅ) ਸਾਹਿਬਾ ਦੀ

(ੲ) ਸੱਸੀ ਦੀ (ਸ) ਬਾਣੀਏ ਦੀ

(iii) 'ਹੱਟ' ਦਾ ਕੀ ਅਰਥ ਹੈ ?

(ੳ) ਕੱਪੜਾ (ਅ) ਸ਼ਹਿਦ

(ੲ) ਤੇਲ (ਸ) ਦੁਕਾਨ

(iv) ਵਣਜ ਤੋਂ ਕੀ ਭਾਵ ਹੈ ?

(v) ਸਾਹਿਬਾ ਨੂੰ ਦੇਖ ਦੇ ਬਾਣੀਏ ਦੀ ਕੀ ਹਾਲਤ ਹੋ ਗਈ ਸੀ ?

## ਭਾਗ—II

3. (i) ਸੱਚ-ਝੂਠ ਦਾ ਸਮਾਸੀ ਸ਼ਬਦ ਸਮੂਹ ਚੁਣੋ। 1

(ੳ) ਸੱਚ ਤੇ ਝੂਠ (ਅ) ਸੱਚ, ਝੂਠ

(ੲ) ਸੱਚ ਦਾ ਝੂਠ (ਸ) ਝੂਠ ਹੀ ਸੱਚ

(ii) ਜਿਹੜਾ ਚੁਗਲੀ ਕਰਦਾ ਹੋਵੇ — ਦਾ ਸਮਾਸੀ ਸ਼ਬਦ ਦੱਸੋ। 1

4. ਬਹੁ-ਅਰਥਕ—"ਉੱਤਰ" ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਹੋਏ ਵਾਕ ਬਣਾਓ। 2

5. ਹੇਠ ਲਿਖੇ ਸ਼ਬਦਾਂ ਨੂੰ ਨਾਂਵ ਤੋਂ ਵਿਸ਼ੇਸ਼ਣ ਵਿੱਚ ਬਦਲੋ— 1×2 = 2

(i) ਈਰਖਾ (ii) ਗੰਭੀਰ

6. 'ਪਰ'—ਅਗੇਤਰ ਵਰਤ ਕੇ ਇੱਕ ਸ਼ਬਦ ਬਣਾਓ। 1

'ਹਾਰ'— ਪਿਛੇਤਰ ਲਗਾ ਕੇ ਇੱਕ ਸ਼ਬਦ ਬਣਾਓ। 1

7. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਬਦਲੋ ਕਿ ਅਰਥ ਸਪਸ਼ਟ ਹੋ ਜਾਣ— 1×4 = 4

(i) ਸਿਰ ਉੱਤੋਂ ਪਾਣੀ ਲੰਘਣਾ

(ii) ਕੋਠੇ ਜਿੱਡੀ ਹੋ ਜਾਣਾ

(iii) ਖੰਡ-ਖੀਰ ਹੋਣਾ

(iv) ਦਸਾਂ ਨਹੁੰਆਂ ਦੀ ਕਿਰਤ ਕਰਨਾ

## ਭਾਗ—III

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ 150-200 ਸ਼ਬਦਾਂ ਵਿੱਚ ਨਿਬੰਧ ਲਿਖੋ। 8

(i) ਵਿਗਿਆਨ ਦੇ ਲਾਭ ਤੇ ਹਾਨੀਆਂ

(ਜਾਣ-ਪਛਾਣ.....ਕੁਝ ਸਦੀਆਂ ਪਹਿਲਾਂ.....ਜੁਲਾਹੇ ਦੀਆਂ ਖੱਡੀਆਂ ਦੀ ਥਾਂ 'ਤੇ ਕੱਪੜੇ ਦੀਆਂ ਮਿੱਲਾਂ.....ਮਸ਼ੀਨੀ ਆਰੇ.....ਖੇਤਾਂ ਵਿੱਚ ਹੱਲ ਨਾਲ ਕੰਮ..... ਅਜੋਕਾ ਯੁੱਗ ਵਿਗਿਆਨ ਦਾ ਯੁੱਗ.....ਮਨੁੱਖ ਦੀ ਜਿੰਦਗੀ ਨੂੰ ਸੁਖਾਲਾ.....ਯਾਤਰਾ ਕਰਨੀ ਵਧੇਰੇ ਸੁਖਾਲੀ ਤੇ ਅਸਾਨ.....ਦਵਾਈਆਂ ਦੇ ਖੇਤਰ ਵਿੱਚ ਤਰੱਕੀ.....ਵਿਗਿਆਨ ਦੀਆਂ ਅਨੇਕਾਂ ਕਾਢਾਂ.....ਸਾਇੰਸ ਨੇ ਮਨੁੱਖ ਦੇ ਫਾਇਦੇ ਨਾਲ ਨੁਕਸਾਨ.....ਤੋਪਾਂ, ਜ਼ਹਿਰਲੀਆਂ ਗੈਸਾਂ.....ਵੱਡੀ ਲੜਾਈ.....ਐਟਮ ਬੰਬ.....ਪਰ ਵਿਗਿਆਨ ਦੇ ਲਾਭ ਵੱਧ।)

**ਜਾਂ**

(ii) ਪੜ੍ਹਾਈ ਵਿੱਚ ਖੇਡਾਂ ਦੇ ਮਹੱਤਵ

(ਵਿਦਿਆ ਦੇ ਤਿੰਨ ਪੱਖ-ਦਿਮਾਗੀ ਸਰੀਰਕ ਤੇ ਇਖ਼ਲਾਕੀ.....ਵਿਦਿਆ ਨਾਲ ਸਿਹਤ ਜ਼ਰੂਰੀ.....ਅੰਗਰੇਜਾਂ ਦੀ ਗਲਤ ਵਿਦਿਆ ਪ੍ਰਣਾਲੀ.....ਸਰੀਰਕ ਪੱਖੋਂ ਕਮਜ਼ੋਰ.....ਭਾਰਤੀ ਪਰੰਪਰਾ.....ਸੂਰਬੀਰ ਬਣਾਉਣਾ.....ਸਰੀਰ ਵੱਲੋਂ ਬਲਵਾਨ.....ਵਰਤਮਾਨ ਸਮੇਂ ਸਕੂਲਾਂ-ਕਾਲਜਾਂ ਵਿੱਚ ਕਸਰਤ ਦੀ ਘਾਟ.....ਖੇਡਾਂ ਦੀ ਘਾਟ.....ਖੇਡਾਂ ਚੰਗੇ ਗੁਣ.....ਕੌਮਾਂਤਰੀ ਪ੍ਰਸਿੱਧੀ।)

**ਜਾਂ**

(iii) ਮੇਰਾ ਭਾਰਤ ਮਹਾਨ

(ਜਾਣ-ਪਛਾਣ.....ਭਾਰਤੀ ਦੀ ਰੂਹਾਨੀਅਤ.....ਗੁਲਾਮੀ ਦੀ ਸਥਿਤੀ ਤੇ ਕਾਰਣ.....ਅਨੇਕਤਾ ਵਿੱਚ ਏਕਤਾ..... ਅਣਖ ਤੇ ਅਹਿੰਸਾ ਵਰਗੇ ਮਾਨਵੀ ਮੁੱਲ.....ਭਾਰਤ ਦੀ ਆਜਾਦੀ ਪ੍ਰਾਪਤੀ ਲਈ ਸੰਘਰਸ਼.....ਅਨੇਕਾਂ ਦੇਸ਼ ਭਗਤ.....ਭਾਰਤੀ ਸੰਵਿਧਾਨ..... ਵਿਦੇਸ਼ਾਂ ਵਿੱਚ ਭਾਰਤ ਦਾ ਉੱਚਾ ਨਾਮ।)

9. ਆਪਣੇ ਸ਼ਹਿਰ ਦੇ ਪ੍ਰਧਾਨ ਨੂੰ ਮੁਹੱਲੇ ਦੀ ਸਫਾਈ ਲਈ ਪੱਤਰ ਲਿਖੋ। 6


(ਸਾਡੇ ਮੁਹੱਲੇ ਦੀ ਸਫਾਈ ਦੀ ਹਾਲਤ......ਇਲਾਕੇ ਦੀ ਵੀ ਹਾਲਤ ਖਰਾਬ......ਬੀਮਾਰੀ ਫੈਲਣ......ਸਫਾਈ ਕਰਮਚਾਰੀ ਦੀ ਅਣਗਹਿਲੀ......ਘਰਾਂ ਦਾ ਕੂੜਾ......ਨਾਲੀਆਂ ਦੀ ਹਾਲਤ ਖਰਾਬ......ਕੂੜੇ ਦੇ ਢੇਰ......ਗੰਦਾ ਮਾਹੌਲ......ਬੇਨਤੀ ਵਲ ਛੇਤੀ ਧਿਆਨ......ਸਫਾਈ ਕਰਮਚਾਰੀ ਨੂੰ ਭੇਜਿਆ ਜਾਵੇ।)

**ਜਾਂ**

ਤੁਹਾਡਾ ਮਿੱਤਰ/ਸਹੇਲੀ ਪ੍ਰੀਖਿਆ ਵਿਚੋਂ ਪਾਸ ਹੋ ਗਿਆ ਹੈ ਇਸ ਲਈ ਉਸ ਨੂੰ ਵਧਾਈ ਪੱਤਰੀ ਲਿਖੋ।

(ਪਿਆਰੇ ਮਿੱਤਰ/ਸਹੇਲੀ......ਤੇਰਾ ਦਸਵੀਂ ਪ੍ਰੀਖਿਆ ਦਾ ਨਤੀਜ਼ਾ......ਤੇਰੀ ਫ਼ਸਟ ਡਵੀਜ਼ਨ......ਮਾਤਾ-ਪਿਤਾ ਦਾ ਨਾਂ......ਬਹੁਤ ਵਧੀਆ......ਸਕੂਲ ਦਾ ਨਾਂ......ਸਭ ਨੂੰ ਵਧਾਈ।)

10. ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾ ਵਿੱਚ ਲਿਖੋ। 4



## ਭਾਗ—IV

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕਾਂ ਦੇ ਆਧਾਰ 'ਤੇ ਇੱਕ ਵਾਕ ਵਿੱਚ ਲਿਖੋ— 1×8 = 8

(i) ਭੰਡਿ ਸ਼ਬਦ ਦਾ ਕੀ ਅਰਥ ਹੈ ?

(ii) ਹਰੀ ਅੱਗੇ ਸਾਡੀ ਕੀ ਅਰਦਾਸ ਹੈ ?

(iii) ਆਲਮਗੀਰ ਦਾ ਖਿਤਾਬ ਕਿਸ ਨੂੰ ਮਿਲਿਆ ਸੀ ?

(iv) ਨਿਹਾਲ ਕੌਰ ਦੀ ਧੀ ਦਾ ਕੀ ਨਾਂ ਹੈ ?

(v) ਪ੍ਰਾਰਥਨਾ ਨਿਬੰਧ ਦੇ ਲੇਖਕ ਕੌਣ ਹਨ ?

(vi) ਲੇਖਕ ਮਨੁੱਖ ਦੀ ਆਤਮਾ ਦਾ ਚਿੱਤਰ ਕਿਸ ਨੂੰ ਆਖਦਾ ਹੈ ?

(vii) ਕੁਲਫੀ ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ ?

(viii) ਕਰਤਾਰ ਸਿੰਘ ਕਿਹੋ ਜਿਹਾ ਆਦਮੀ ਸੀ ?

12. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ ਤੇ ਕਿਸੇ ਇੱਕ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ— 2×2 - 4

(i) ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥
ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ ਜੈਕਾਰ ॥

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

(ਅ) ਸੰਸਾਰ ਵਿੱਚ ਕਿਨ੍ਹਾਂ ਦੀ ਜੈ-ਜੈਕਾਰ ਹੁੰਦੀ ਹੈ ?

**ਜਾਂ**

(ii) ਜੀਅ ਜੰਤ ਸਭਿ ਤੁਧੁ ਉਪਾਏ ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥

(ੳ) ਉਪਰੋਕਤ ਕਾਵਿ-ਟੋਟੇ ਦਾ ਪ੍ਰਸੰਗ ਲਿਖੋ।

(ਅ) ਸੰਸਾਰ ਦੀ ਰਚਨਾ ਕਰਨ ਵਾਲਾ ਕੌਣ ਹੈ ?

13. ਪਾਠ-ਪੁਸਤਕਾਂ ਦੇ ਆਧਾਰ ਤੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (20 ਤੋਂ 30 ਸ਼ਬਦਾਂ ਵਿੱਚ) 2×4 - 8

(i) ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ ?

(ii) "ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼-ਪਿਆਰ ਪੈਦਾ ਹੁੰਦਾ ਹੈ," ਇਸ ਕਥਨ ਦੀ ਵਿਆਖਿਆ ਕਰੋ ?

(iii) ਲੇਖਕ ਕੁਲਫੀ ਕਹਾਣੀ ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

(iv) ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲਦ' ਕਿਉਂ ਕਿਹਾ ?

14. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਦਿਓ— 2×2 =4

(i) "ਨਹੀਂ ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਸੰਤ, ਸਾਧੂ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"

(ੳ) ਉਪਰੋਕਤ ਵਾਰਤਾਲਾਪ ਅੰਸ਼ ਕਿਸ ਇਕਾਂਗੀ ਵਿੱਚੋਂ ਹੈ ਅਤੇ ਇਕਾਂਗੀਕਾਰ ਦਾ ਨਾਂ ਵੀ ਦੱਸੋ।

(ਅ) ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ ?

**ਜਾਂ**

(ii) "ਦੁਖੀ ਤਾਂ ਹੈ, ਪਰ ਗੱਲ ਕੀ ਐ ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਨੂੰ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਈ ਐਂ ?"

(ੳ) ਇਹ ਸ਼ਬਦ ਕਿਹੜੀ ਇਕਾਂਗੀ ਵਿੱਚੋਂ ਹਨ ? ਇਕਾਂਗੀ ਦਾ ਲੇਖਕ ਕੌਣ ਹੈ ?

(ਅ) ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕਾਰਨ ਕੀ ਸੀ ?

15. "ਸੋ ਕਿਉਂ ਮੰਦਾ ਆਖੀਐ" ਕਵਿਤਾ ਦਾ ਕੇਂਦਰੀ ਭਾਵ 50 ਤੋਂ 60 ਸ਼ਬਦਾਂ ਵਿੱਚ ਲਿਖੋ। 4

16. ਗਿਆਨੀ ਗੁਰਦਿੱਤ ਸਿੰਘ ਦੇ ਲੇਖ "ਮੇਰੇ ਵੱਡੇ-ਵਡੇਰੇ" ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 4

**ਜਾਂ**

ਡਾ. ਨਰਿੰਦਰ ਸਿੰਘ ਕਪੂਰ ਦੇ ਲਿਖੇ ਲੇਖ ਤੁਰਨ ਦਾ ਹੁਨਰ ਵਿੱਚ ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

17. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ 50-60 ਸ਼ਬਦਾਂ ਵਿੱਚ ਲਿਖੋ। 4

ਅੰਗ-ਸੰਗ (ਵਰਿਆਮ ਸਿੰਘ ਸੰਧੂ)

**ਜਾਂ**

ਧਰਤੀ ਹੇਠਲਾਂ ਬਲਦ (ਕੁਲਵੰਤ ਸਿੰਘ ਵਿਰਕ)

18. ਇਕਾਂਗੀ ਦੇ ਮੁੱਖ ਪਾਤਰ "ਔਰੰਗਜ਼ੇਬ" ਦਾ ਪਾਤਰ-ਚਿਤਰਨ 50 ਤੋਂ 60 ਸ਼ਬਦਾਂ ਵਿੱਚ ਲਿਖੋ। 4

*****